**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)

ਮੀਮੋ ਨੰ 5/247-09/ਸਸਅ/ਸਿ.ਵ./ਸਪਏ/77642-682
ਮਿਤੀ ਚੰਡੀਗੜ੍ਹ 25 ਨਵੰਬਰ, 2009

**ਵਿਸ਼ਾ ਪੇਂਡੂ ਸਿੱਖਿਆ ਅਤੇ ਵਿਕਾਸ ਕਮੇਟੀਆਂ ਵੱਲੋਂ ਉਸਾਰੀ ਜਾਣ ਵਾਲੀਆਂ ਇਮਾਰਤਾਂ ਦੇ ਕੰਮ ਦੀ ਨਿਗਰਾਣੀ ਅਤੇ ਮਾਨੀਟਰਿੰਗ ਕਰਨ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਸਮੇਂ ਸਮੇਂ ਸਿਰ ਮੁੱਖ ਦਫਤਰ ਵੱਲੋਂ ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਤਹਿਤ ਬਣਾਇਆਂ ਗਈਆਂ ਬਿਲਡਿੰਗਾਂ ਦੇ ਨਿਰੀਖਣ ਤੋਂ ਇਹ ਗੱਲ ਸਾਹਮਨੇ ਆਈ ਹੈ ਕਿ ਇਹਨਾਂ ਬਿਲਡਿੰਗਾਂ ਦਾ ਨਿਰਮਾਨ ਸਬੰਧਤ ਪੇਂਡੂ ਸਿੱਖਿਆ ਅਤੇ ਵਿਕਾਸ ਕਮੇਟੀਆ ਵੱਲੋਂ ਆਪਣੀ ਪੱਧਰ ਤੇ ਕਰ ਲਿਆ ਜਾਂਦਾ ਹੈ ਅਤੇ ਉਹਨਾਂ ਨੂੰ ਬਿਲਡਿੰਗ ਦੀ ਉਸਾਰੀ ਸਮੇਂ ਕੋਈ ਤਕਨੀਕੀ ਸਲਾਹ ਨਹੀਂ ਦਿੱਤੀ ਜਾਂਦੀ । ਇਹ ਗੱਲ ਸਾਫ ਹੈ ਕਿ ਪੇਂਡੂ ਸਿੱਖਿਆ ਅਤੇ ਵਿਕਾਸ ਕਮੇਟੀਆਂ ਕੋਲ ਕੋਈ ਤਕਨੀਕੀ ਰਿਸੋਰਸਿਜ਼ ਨਹੀਂ ਹਨ । ਇਹਨਾਂ ਹਾਲਾਤ ਨੂੰ ਮੁੱਖ ਰੱਖਦੇ ਹੋਇਆ ਸਰਵ ਸਿੱਖਿਆ ਅਭਿਆਨ ਪ੍ਰੋਗਰਾਮ ਤਹਿਤ ਹਰ ਜ਼ਿਲੇ ਵਿੱਚ ਇੱਕ ਇੱਕ ਐਸ.ਡੀ.ਓ. (ਸਿਵਲ) ਨਿਯੁਕਤ ਕੀਤਾ ਗਿਆ ਸੀ ਪਰੰਤੂ ਇਹ ਆਮ ਵੇਖਣ ਵਿੱਚ ਆਇਆ ਹੈ ਕਿ ਜ਼ਿਲ੍ਹਾ ਪੱਧਰ ਤੇ ਲਗਾਏ ਗਏ ਐਸ.ਡੀ.ਓ. ਪੇਂਡੂ ਸਿੱਖਿਆਂ ਅਤੇ ਵਿਕਾਸ ਕਮੇਟੀਆਂ ਦੀਆ ਬਿਲਡਿੰਗਾਂ ਦੀ ਉਸਾਰੀ ਦੌਰਾਨ ਕੋਈ ਨਿਗਰਾਣੀ ਜਾਂ ਮਾਨੀਟਰਿੰਗ ਨਹੀਂ ਕਰਦੇ ਹਨ ਜੋ ਕਿ ਬਹੁਤ ਗੰਭੀਰ ਗੱਲ ਹੈ ।

3.0 ਉਪਰੋਕਤ ਨੂੰ ਮੁੱਖ ਰੱਖਦੇ ਹੋਇਆ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਦੇ ਐਸ.ਡੀ.ਓ. ਅਤੇ ਕੋਆਰਡੀਨੇਟਰ (ਸਿਵਲ ਵਰਕਸ) ਨੂੰ ਸ਼ਖਤ ਹਦਾਇਤਾਂ ਕੀਤੀਆਂ ਜਾਣ ਕਿ ਜਿੱਥੇ ਵੀ ਪੇਂਡੂ ਸਿੱਖਿਆ ਅਤੇ ਵਿਕਾਸ ਕਮੇਟੀਆਂ ਵੱਲੋਂ ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ, ਉੱਥੇ ਐਸ.ਡੀ.ਓ. ਉਸਾਰੀ ਦੇ ਕੰਮ ਦੀ ਨਿਗਰਾਨੀ ਕਰਨ ਅਤੇ ਜਿੱਥੇ ਕਿਸੇ ਸਲਾਹ ਦੀ ਲੋੜ ਹੋਵੇ ਉਸ ਦੀ ਪਾਲਣਾ ਕਰਵਾਈ ਜਾਵੇ । ਜੇਕਰ ਕਿਸੀ ਵੀ ਇਮਾਰਤ ਦੀ ਬਣਤਰ ਵਿੱਚ ਕੋਈ ਕਮੀ ਪੇਸ਼ੀ ਹੁੰਦੀ ਹੈ ਤਾਂ ਉਸ ਦੇ ਲਈ ਐਸ.ਡੀ.ਓ. ਜਿੰਮੇਵਾਰ ਹੋਵੇਗਾ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ : ਰਾਜ ਦੇ ਸਮੂਹ ਐਸ.ਡੀ.ਓ.

ਮਾਰਫਤ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)

ਡੀ.ਐਮ. (ਐਮ.ਆਈ.ਐਸ.) ਨੂੰ ਵੈੱਬ ਬਾਈਟ ਤੇ ਪਾਉਣ ਲਈ